# ਲੋਕ ਸਭਾ ਲੋਕਾਂ ਦਾ ਪੱਖ ਕਿਉਂ ਨਹੀਂ ਪੂਰ ਸਕਦੀ?

ਬਸਤੀਵਾਦੀ ਲਿਬਰਲ ਜਮਹੂਰੀਅਤ ਵਿਚ ਪਾਰਲੀਮੈਂਟ ਹਾਕਮ ਜਮਾਤਾਂ ਦੇ ਹਥਿਆਰ ਰਾਜਤੰਤ੍ਰ ਦਾ ਇਕ ਲੋੜੀਂਦਾ ਥੰਮ੍ਹ ਹੁੰਦਾ ਹੈ। ਇਸ ਵਿਚ ਹਾਕਮ ਜਮਾਤਾਂ ਦੇ ਪੱਖੀ ਬੰਦੇ ਹੀ ਚੁਣ ਕੇ ਆਉਂਦੇ ਹਨ ਅਤੇ ਹਾਕਮ ਜਮਾਤਾਂ ਦਾ ਹੀ ਪੱਖ ਪੂਰਦੇ ਹਨ। ਹਿੰਦੁਸਤਾਨ ਦੀ ਲੋਕ ਸਭਾ ਦੀ ਚੋਣ ਲੜਨ ਦੇ ਉਮੀਦਵਾਰ ਨੂੰ ਕਰੋੜਾਂ ਰੁਪਏ ਦੀ ਲੋੜ ਪੈਂਦੀ ਹੈ। ਇਹ ਕਰੋੜਾਂ ਰੁਪਿਆ ਆਮ ਬੰਦੇ ਕੋਲ ਕਿਥੋਂ ਆ ਸਕਦਾ ਹੈ? ਇਹ ਕਰੋੜਾਂ ਰੁਪਿਆ ਕਿਸ ਕੋਲ ਹੁੰਦਾ ਹੈ? ਸਾਫ਼ ਹੈ ਕਿ ਆਮ ਸ਼ਹਿਰੀ ਕੋਲ ਤਾਂ ਇਹ ਪੈਸਾ ਖ਼ਰਚ ਕਰਨ ਲਈ ਕਦੇ ਨਹੀਂ ਹੁੰਦਾ। ਉਸਦੀ ਤਾਂ ਸਗੋਂ ਵਕਤ ਕੱਟੀ ਹੀ ਬੜੀ ਮੁਸ਼ਕਲ ਨਾਲ ਹੁੰਦੀ ਹੈ। ਇਸ ਲਈ ਚੋਣਾਂ ਜ਼ਿਆਦਾ ਕਰਕੇ ਪੈਸੇ ਵਾਲੇ ਹੀ ਲੜਦੇ ਹਨ ਜਾਂ ਪੈਸੇ ਵਾਲਿਆਂ ਦੀ ਮਦਦ ਨਾਲ ਹੀ ਲੜੀਆਂ ਜਾਂਦੀਆਂ ਹਨ। ਅਮਰੀਕਾ ਵਿਚ ਵੀ  ਸੈਨੇਟ ਦੀ ਚੋਣ ਲੜਨ ਲਈ ਕਈ ਮਿਲੀਅਨ ਡਾਲਰਾਂ ਦੀ ਲੋੜ ਪੈਂਦੀ ਹੈ। ਬਿਨਾਂ ਕਰੋੜਾਂ ਰੁਪਿਆ ਦੇ ਲੋਕ ਸਭਾ ਦੀਆਂ ਚੋਣਾਂ ਲੜਨਾ ਮੁਮਕਨ ਨਹੀਂ ਹੈ।

ਹਿੰਦੁਸਤਾਨੀ ਸੰਵਿਧਾਨ ਵਿਚ ਚੋਣ ਲੜਨ ਦਾ ਹੱਕ ਬੁਨਿਆਦੀ ਹੱਕ ਦੱਸਿਆ ਗਿਆ ਹੈ ਪਰ ਸੰਵਿਧਾਨ ਵਿਚ ਕੋਈ ਵੀ ਵਿਧੀ, ਤਰੀਕਾ ਜਾਂ ਕਾਨੂੰਨ ਮੌਜੂਦ ਨਹੀਂ ਜਿਸ ਨਾਲ ਆਮ ਸ਼ਹਿਰੀ ਆਪਣੇ ਇਸ ਬੁਨਿਆਦੀ ਹੱਕ ਨੂੰ ਅਮਲ ਵਿਚ ਲਿਆ ਸਕੇ। ਇਸ ਕਰਕੇ ਚੋਣਾਂ ਜ਼ੋਰ ਵਾਲਿਆਂ ਅਤੇ ਪੈਸੇ ਵਾਲਿਆਂ ਦੀ ਹੀ ਖੇਡ ਬਣ ਜਾਂਦੀਆਂ ਹਨ ਅਤੇ ਪੈਸੇ ਵਾਲਿਆਂ ਦੇ ਨੁਮਾਇੰਦੇ ਹੀ ਲੋਕ ਸਭਾ ਵਿਚ ਆਉਂਦੇ ਹਨ ਭਾਵੇਂ ਉਹ ਕਾਂਗਰਸ ਦੀ ਟਿਕਟ ਤੇ ਖੜੇ ਹੋਣ ਤੇ ਭਾਵੇਂ ਬੀ ਜੇ ਪੀ ਜਾਂ ਕਿਸੇ ਹੋਰ ਪਾਰਟੀ ਦੀ ਟਿਕਟ ਤੇ ਖੜੇ ਹੋਣ। ਇਸ ਤਰਾਂ ਹਰ ਮੁਲਕ ਵਿਚ ਜਿੱਥੇ ਲਿਬਰਲ ਜਮਹੂਰੀਅਤ ਹੈ ਉਥੇ ਚੋਣਾਂ ਵਿਚ ਖੜੇ ਹੋਣ ਦਾ ਹੱਕ ਅਤੇ ਚੁਣੇ ਜਾਣ ਦਾ ਹੱਕ ਫੋਕਾ ਹੀ ਰਹਿ ਜਾਂਦਾ ਹੈ ਕਿਉਂਕਿ ਆਮ ਸ਼ਹਿਰੀ ਕੋਲ ਚੋਣਾਂ ਵਿਚ ਹਿੱਸਾ ਲੈਣ ਲਈ ਮਾਲੀ ਵਸੀਲੇ ਨਹੀਂ ਹੁੰਦੇ।

ਇਸ ਲਈ  ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਲੋਕ ਸਭਾ ਲੋਕਾਂ ਦੇ ਮਸਲੇ ਹੱਲ ਨਹੀਂ ਕਰਦੀ। ਮਿਸਾਲ ਦੇ ਤੌਰ ਤੇ ਲੋਕ ਸਭਾ ਨੇ 2007 ਦਾ ਬਜਟ ਪਾਸ ਕੀਤਾ। ਇਸ ਬਜਟ ਦਾ 76 % ਖਰਚਾ  ਸੂਦਖ਼ੋਰਾਂ ਦੀਆਂ ਜੇਬਾਂ ਭਰਨ ਲਈ ਸੀ। ਇਹ ਸੂਦਖ਼ੋਰ ਕੌਣ ਹਨ? ਇਹ ਸੂਦਖ਼ੋਰ ਉਹੋ ਹੀ ਹਨ ਜਿਹੜੇ ਕਿ ਇਨ੍ਹਾਂ ਨੁਮਾਇੰਦਿਆਂ ਨੂੰ ਚੋਣਾਂ ਜਿੱਤਣ ਲਈ ਪੈਸੇ ਦਿੰਦੇ ਹਨ। ਇਸ ਕਰਕੇ ਲੋਕ-ਸਭਾ ਲੋਕਾਂ ਤੋਂ ਇਕੱਠਾ ਕੀਤਾ ਹੋਏ ਪੈਸੇ ਦਾ 76% ਹਿੱਸਾ ਇਨ੍ਹਾਂ ਸੂਦਖ਼ੋਰਾਂ ਨੂੰ ਫੜਾਂ ਦਿੰਦੀ ਹੈ। ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਕੋਈ ਬੰਦੋਬਸਤ ਨਹੀਂ ਕੀਤਾ ਜਾਂਦਾ। ਇਸ ਤਰਾਂ ਇਹ ਪਾਰਲੀਮੈਂਟ ਲੋਕਾਂ ਤੋਂ ਪੈਸਾ ਲੁੱਟ ਕੇ ਅਮੀਰਾਂ ਅਤੇ  ਸੂਦ ਖੋਰਾਂ ਦੀਆਂ ਜੇਬਾਂ ਭਰਨ ਦਾ ਅਦਾਰਾ ਹੈ। ਇਸੇ ਤਰਾਂ ਹੁਣ ਕਿਸਾਨਾਂ ਅਤੇ ਕਬਾਇਲੀ ਲੋਕਾਂ ਦੀਆਂ ਜ਼ਮੀਨਾਂ ਖੋਹਣ ਲਈ ਲੋਕ ਸਭਾ ਕਾਨੂੰਨ ਬਣਾ ਰਹੀ ਹੈ। ਇਸ ਕਾਨੂੰਨ ਰਾਹੀਂ ਲੋਕਾਂ ਦੀਆਂ ਜ਼ਮੀਨਾਂ, ਜੰਗਲ ਅਤੇ ਪਾਣੀ ਅਮੀਰਾਂ ਦੀ ਮਲਕੀਅਤ ਬਣਾ ਦਿੱਤੀ ਜਾਵੇਗੀ। ਇਹ ਕਾਨੂੰਨ ਬਣਾਉਣ ਵਾਲੇ ਕੋਈ ਹੋਰ ਨਹੀਂ ਚੋਣਾਂ ਰਾਹੀਂ ਲਿਆਂਦੇ ਗਏ ਇਨ੍ਹਾਂ  ਸੂਦਖ਼ੋਰਾਂ ਅਤੇ ਜ਼ੋਰ ਵਾਲਿਆਂ ਦੇ ਬੰਦੇ ਹੀ ਹਨ ਅਤੇ ਉਨ੍ਹਾਂ ਦੇ ਫਾਇਦੇ ਲਈ ਹੀ ਕਾਨੂੰਨ ਬਣਾਉਂਦੇ ਹਨ। ਇਹ ਲਿਬਰਲ ਜਮਹੂਰੀਅਤ ਦੀ ਖਾਸੀਅਤ ਹੈ। ਹਰ ਜਗ੍ਹਾ ਜਿੱਥੇ ਵੀ ਇਹ ਪਾਰਲੀਮੈਂਟ ਇਸ ਤਰਾਂ ਦੀ ਹੈ ਉਥੇ ਇੰਜ ਹੀ ਹੁੰਦਾ ਹੈ। ਅਮਰੀਕਾ, ਇੰਗਲੈਂਡ ਵਿਚ ਵੀ ਪਾਰਲੀਮੈਂਟ ਦਾ ਇਹ ਹੀ ਖਾਸਾ ਹੈ। ਇਸੇ ਕਰਕੇ ਅਮਰੀਕਾ ਵਿਚ 50% ਤੋਂ ਵੀ ਘੱਟ ਵੋਟਰ ਚੋਣਾਂ ਵਿਚ ਵੋਟ ਪਾਉਂਦੇ ਹਨ ਕਿਉਂਕਿ ਉਹ ਜਾਣਦੇ ਹਨ ਕਿ ਭਾਵੇਂ ਡੈਮੋਕਰੈਟ ਆਉਣ ਜਾਂ  ਰਿਪਬਲੀਕਨ ਉਨ੍ਹਾਂ ਦੇ ਮਸਲੇ ਤਾਂ ਉਂਜ ਹੀ ਖੜੇ ਰਹਿੰਦੇ ਹਨ। ਹਿੰਦੁਸਤਾਨ ਚ` ਵੀ ਲੋਕ ਆਮ ਤੌਰ ਤੇ ਕਹਿੰਦੇ ਹਨ ਕਿ ਵੋਟ ਸਾਂਪਨਾਥ ਨੂੰ ਪਾਉ ਜਾਂ ਨਾਗਨਾਥ ਨੂੰ ਗੱਲ ਉਥੇ ਹੀ ਰਹਿਣੀ ਹੈ।

ਹੁਣੇ ਜਿਹੇ ਕੀਤੇ ਗਏ ਇਕ ਸਰਵੇਖਣ ਮੁਤਾਬਿਕ ਅਮਰੀਕਾ ਵਿਚ ਅਮਰੀਕਨ ਪਾਰਲੀਮੈਂਟ ਦੀ ਪ੍ਰਤੀਤ ਸਿਰਫ਼ 9% ਹੀ ਦੱਸੀ ਗਈ ਹੈ। ਇਸੇ ਤਰਾਂ ਕਨੇਡਾ ਅਤੇ ਹੋਰਨਾਂ ਮੁਲਕਾਂ ਵਿਚ ਵੀ ਪਾਰਲੀਮੈਂਟ ਦੀ ਪ੍ਰਤੀਤ ਇੰਜ ਹੀ ਦੱਸੀ ਜਾਂਦੀ ਹੈ। ਲੋਕਾਂ ਨੂੰ ਪਤਾ ਹੈ ਕਿ ਪਾਰਲੀਮੈਂਟ ਵਿਚ ਕੋਈ ਵੀ ਗੱਲ ਉਨ੍ਹਾਂ ਦੇ ਪੱਖ ਦੀ ਨਹੀਂ ਹੁੰਦੀ। ਚੋਣਾਂ ਦੇ ਸਮੇਂ ਉਮੀਦਵਾਰ ਬਹੁਤ ਵਾਅਦੇ ਕਰਦੇ ਹਨ ਪਰ ਚੋਣਾਂ ਦੇ ਬਾਅਦ ਉਨ੍ਹਾਂ ਦੀ ਕੋਈ ਬਾਤ ਨਹੀਂ ਪੁੱਛੀ ਜਾਂਦੀ। ਹਰ ਗੱਲ ਪੈਸੇ ਵਾਲਿਆਂ ਅਤੇ ਅਮੀਰਾਂ ਦੇ ਫਾਇਦੇ ਦੀ ਹੀ ਹੁੰਦੀ ਹੈ। ਲੋਕ ਇਸ ਗੱਲ ਤੋਂ ਦੁੱਖੀ ਅਤੇ ਫਿਕਰਮੰਦ ਅਤੇ ਹਨ ਅਤੇ ਉਹ ਇਸ ਬਿਮਾਰੀ ਦਾ ਇਲਾਜ ਲੱਭ ਰਹੇ ਹਨ।

ਇਹ ਸਾਰੇ ਹਾਲਾਤ ਲਿਬਰਲ ਜਮਹੂਰੀਅਤ ਦੇ ਖ਼ਾਸੇ ਅਤੇ ਇਸਦੇ ਸੰਕਟ ਵੱਲ ਇਸ਼ਾਰਾ ਕਰਦੇ ਹਨ। ਸਮਾਜ ਹੁਣ ਇਸ ਪੱਧਰ ਤੇ ਪਹੁੰਚ ਚੁਕਾ ਹੈ ਕਿ ਲਿਬਰਲ ਜਮਹੂਰੀਅਤ ਹੁਣ ਗੱਲ ਸੜ ਚੁੱਕੀ ਹੈ। ਅੱਜ ਦੇ ਹਾਲਾਤ ਨਾਲ ਮੇਲ ਨਹੀਂ ਰਖਦੀ। ਅੱਜ ਦੇ ਸਮਾਜ ਦੀ ਲੋੜ ਸਿੱਧੀ ਜਮਹੂਰੀਅਤ ਦੀ ਲੋੜ ਹੈ ਜਿਸ ਵਿਚ ਲੋਕ ਖ਼ੁਦ ਆਪ ਨੁਮਾਇੰਦਿਆਂ ਦੇ ਬਗੈਰ ਹੀ ਰਾਜ ਕਰਨ। ਲੋਕ ਆਪ ਹੀ ਹਾਕਮ ਬਣ ਜਾਣ। ਲੋਕ ਹੋਰ ਸਾਰੇ ਕੰਮ ਆਪ ਹੀ ਕਰਦੇ ਹਨ। ਉਹ ਫੈਕਟਰੀਆਂ, ਖੇਤ, ਦਫ਼ਤਰ, ਯੂਨੀਵਰਸਿਟੀਆਂ, ਗੱਡੀਆਂ, ਮੋਟਰਾਂ ਯਾਨੀ ਕਿ ਸਾਰੇ ਸਮਾਜ ਦੇ ਕੰਮ ਧੰਦੇ ਆਪ ਹੀ ਚਲਾਉਂਦੇ ਹਨ। ਉਹ ਆਪਣੇ ਆਪ ਹਾਕਮ ਵੀ ਬਣ ਸਕਦੇ ਹਨ। ਇਹ ਹੀ ਅੱਜ ਸਮੇਂ ਦੀ ਲੋੜ ਹੈ। ਲੋਕ ਸਭਾ ਨੇ ਅੱਜ ਤਾਈਂ ਅਮਲੀ ਤੌਰ ਤੇ ਨਾ ਹੀ ਲੋਕਾਂ ਦੀ ਗੱਲ ਕੀਤੀ ਹੈ ਅਤੇ ਨਾ ਕਰ ਹੀ ਸਕਦੀ ਹੈ। ਇਹ ਤਾਂ ਹਾਕਮ ਟੋਲੇ ਦਾ ਹੀ ਪੱਖ ਪੂਰ ਸਕਦੀ

ਹੈ ਅਤੇ ਉਨ੍ਹਾਂ ਦੇ ਫਾਇਦੇ ਦੀ ਗੱਲ ਕਰਨ ਦੀ ਸਭਾ ਦੇ ਇਲਾਵਾ ਹੋਰ ਕੁਝ ਵੀ ਨਹੀਂ। ਇਸ ਦਾ ਹਰ ਕਦਮ ਲੋਕਾਂ ਦੇ ਖ਼ਿਲਾਫ਼ ਅਤੇ ਉਨ੍ਹਾਂ ਦੇ ਹੱਕਾਂ ਤੇ ਸੱਟ ਹੀ ਮਾਰਨ ਲਈ ਹੁੰਦਾ ਹੈ। ਲੋਕ ਸਭਾ ਦਾ ਹਰ ਕਾਨੂੰਨ ਲੋਕਾਂ ਦੇ ਖ਼ਿਲਾਫ਼ ਹੀ ਹੁੰਦਾ ਹੈ ਭਾਵੇਂ ਕਿਹਾ ਇਹ ਜਾਂਦਾ ਹੈ ਕਿ ਇਹ ਲੋਕਾਂ ਦੇ ਭਲੇ ਲਈ ਬਣਾਇਆ ਜਾ ਰਿਹਾ ਹੈ। ਅੰਗ੍ਰੇਜ਼ ਬਸਤੀਵਾਦੀ ਵੀ ਇਹੋ ਕਿਹਾ ਕਰਦੇ ਸੀ ਕਿ ਉਹ ਜਿਹੜਾ ਵੀ ਕੰਮ ਕਰ ਰਹੇ ਹਨ ਉਹ ਹਿੰਦੁਸਤਾਨ ਦੇ ਭਲੇ ਲਈ ਹੀ ਕਰ ਰਹੇ ਹਨ ਅਤੇ ਲੋਕਾਂ ਦੇ ਫਾਇਦੇ ਲਈ ਹੀ ਕਰ ਰਹੇ ਹਨ ਪਰ ਅਸਲ ਵਿਚ ਉਹ ਹੁੰਦਾ ਹਮੇਸ਼ਾ ਬਸਤੀਵਾਦੀਆਂ ਦੇ ਫਾਇਦੇ ਲਈ ਹੀ ਸੀ।

ਅਜੋਕੇ ਹਾਲਾਤ ਨਵੀਂ ਸਿਆਸੀ ਪ੍ਰਣਾਲੀ ਦੀ ਕਾਢ ਦੀ ਮੰਗ ਕਰ ਰਹੇ ਹਨ। ਲਿਬਰਲ ਜਮਹੂਰੀਅਤ ਲੋਕਾਂ ਦੀਆਂ ਲੋੜਾਂ ਨਾਲ ਮੇਲ ਨਹੀਂ ਖਾਂਦੀ। ਇਹ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਬਣਾਈ ਹੀ ਨਹੀਂ ਸੀ ਗਈ। ਪੰਜ ਸੌ ਸਾਲ ਦੇ ਇਸ ਤਜਰਬੇ ਤੋਂ ਇਹ ਸਿੱਟਾ ਹੀ ਨਿਕਲਦਾ ਹੈ।